# ਦਫ਼ਤਰ ਜਿਲ੍ਹਾ ਪ੍ਰੀਸ਼ਦ, ਮਾਨਸਾ

## ਭਰਤੀ ਇਸ਼ਤਿਹਾਰ

ਜਿਲ੍ਹਾ ਮਾਨਸਾ ਮਗਨਰੇਗਾ ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੀਆਂ ਅਸਾਮੀਆਂ ਦੀ ਆਰਜੀ ਤੌਰ ਤੇ ਠੇਕਾ ਅਧਾਰਤ, ਉਕੇ ਪੁੱਕੇ ਤਨਖਾਹ ਅਧਾਰ ਤੇ ਭਰਤੀ ਕੀਤੀ ਜਾਣੀ ਹੈ।

| ਅਸਾਮੀ ਦਾ ਨਾਮ | ਘੱਟੋ ਘੱਟ ਯੋਗਤਾ | ਘੱਟੋ ਘੱਟ ਤਨਖਾਹ | ਅਸਾਮੀ ਦੀ ਗਿਣਤੀ |
|---|---|---|---|
| ਕੰਪਿਊਟਰ ਸਹਾਇਕ | ਬੀ.ਸੀ.ਏ. ਜਾਂ ਬੀ.ਐਸ.ਸੀ. (ਆਈ.ਟੀ) ਜਾਂ ਐਮ.ਸੀ.ਏ. ਡਿਗਰੀ। ਉਮੀਦਵਾਰ ਨੂੰ ਕੰਪਿਊਟਰਾਈਜ਼ ਅਕਾਊਂਟਿੰਗ ਸਿਸਟਮ ਦਾ ਗਿਆਨ ਹੋਵੇ। ਦੱਸਵੀ ਪੱਧਰ ਦੀ ਪੰਜਾਬੀ ਪ੍ਰਿਖਿਆ ਪਾਸ ਹੋਵੇ। | 11000 ਰੁਪੈ ਪ੍ਰਤੀ ਮਹੀਨਾ ਉੱਕਾ ਪੁੱਕਾ | 1 |
| ਤਕਨੀਕੀ ਕੋਆਰਡੀਨੇਟਰ | ਸਿਵਲ ਇੰਜੀਨੀਅਰਿੰਗ ਦੀ ਡਿਗਰੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਅਤੇ ਕੰਪਿਊਟਰ ਦੀ ਜਾਣਕਾਰੀ(MS Word, Excel, data base functions) ਸਬੰਧੀ 6 ਮਹੀਨਿਆਂ ਦਾ ਸਰਟੀਫਾਇਡ ਕੋਰਸ। ਦੱਸਵੀ ਪੱਧਰ ਦੀ ਪੰਜਾਬੀ ਪ੍ਰਿਖਿਆ ਪਾਸ ਹੋਵੇ। | 20000 ਰੁਪੈ ਪ੍ਰਤੀ ਮਹੀਨਾ ਉੱਕਾ ਪੁੱਕਾ ਤਨਖਾਹ | 1 |
| ਗ੍ਰਾਮ ਰੋਗਜਾਰ ਸੇਵਕ | ਗ੍ਰੈਜੂਏਸ਼ਨ ਘੱਟ ਤੋਂ ਘੱਟ 50 ਪ੍ਰਤੀਸ਼ਤ ਨਾਲ ਪਾਸ ਕੀਤੀ ਹੋਵੇ। ਕੰਪਿਊਟਰ ਦੀ ਜਾਣਕਾਰੀ (MS Word, Excel, data base functions) ਸਬੰਧੀ 6 ਮਹੀਨਿਆਂ ਦਾ ਸਰਟੀਫਾਇਡ ਕੋਰਸ। ਦੱਸਵੀ ਪੱਧਰ ਦੀ ਪੰਜਾਬੀ ਪ੍ਰਿਖਿਆ ਪਾਸ ਹੋਵੇ। | 8500 ਰੁਪੈ ਪ੍ਰਤੀ ਮਹੀਨਾ ਉੱਕਾ ਪੁੱਕਾ ਤਨਖਾਹ | 7 |

*ਸ਼ਰਤਾਂ :-*

1. ਜੇਕਰ ਕਿਸੇ ਉਮੀਦਵਾਰ ਨੇ ਬੀ.ਸੀ.ਏ./ ਬੀ.ਐਸ.ਸੀ. (ਆਈ.ਟੀ.)/ਐਮ.ਐਸ.ਸੀ.(ਆਈ.ਟੀ.) ਤੋਂ ਬਿਨ੍ਹਾਂ ਐਮ.ਸੀ.ਏ. ਕੀਤੀ ਹੈ ਤਾਂ ਇਸ ਕੇਸ ਵਿੱਚ ਐਮ.ਸੀ.ਏ. ਨੂੰ ਹੀ ਮੁੱਢਲੀ ਯੋਗਤਾ ਮੰਨਿਆ ਜਾਵੇਗਾ।
2. ਮੈਰਿਟ ਇੱਕ ਸਾਲ ਲਈ ਵੈਲਿਡ ਮੰਨੀ ਜਾਵੇਗੀ।
3. ਇਹ ਨਿਯੁਕਤੀ ਕੇਵਲ ਠੇਕਾ ਅਧਾਰ ਤੇ ਹੈ ਅਤੇ ਕਦੇ ਵੀ ਸਮਾਪਤ ਕੀਤੀ ਜਾ ਸਕਦੀ ਹੈ । ਇਸ ਤੋਂ ਬਿਨਾਂ ਇਹ ਨਿਯੁਕਤੀ ਤਾਂ ਹੀ ਬਰਕਰਾਰ ਰਹੇਗੀ ਜੇਕਰ ਮਗਨਰੇਗਾ ਸਕੀਮ ਅਧੀਨ ਰਕਮ ਖਰਚ ਹੋਣ ਤੇ ਕੰਟਨਜੈਸੀ ਦੀ ਰਕਮ ਉਪਲਬਧ ਹੋਵੇਗੀ ਕਿਉਕਿ ਤਨਖਾਹ ਦੀ ਰਕਮ ਕੰਟਨਜੈਂਸੀ ਵਿਚੋਂ ਦਿੱਤੀ ਜਾਣੀ ਹੈ ।
4. ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ।
5. ਹਰ ਬਿਨੈ ਪੱਤਰ ਦੇ ਨਾਲ 200 ਰੁਪੈ ਦਾ ਬੈਂਕ ਡਰਾਫਟ ਜੋ ਕਿ Chief Executive Officer, Zila Parishad(MGNREGA), Mansa ਦੇ ਨਾਮ ਤੇ ਹੋਵੇਗਾ, ਭੇਜਣਾ ਜਰੂਰੀ ਹੈ।
6. ਬਿਨੈ ਫਾਰਮ ਦਫਤਰ ਜਿਲ੍ਹਾ ਪ੍ਰੀਸ਼ਦ, ਮਾਨਸਾ ਦੀ ਵੈਬਸਾਈਟ **http://zp.unifysofttech.com** ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਦਰਖਾਸਤਾਂ ਮਿਤੀ 31/07/20 ਨੂੰ ਸ਼ਾਮ 5 ਵਜੇ ਤਕ ਸਮੇਤ ਦਸਤਾਵੇਜੀ ਸਬੂਤ ਅਤੇ ਲੋੜੀਂਦੀ ਫੀਸ ਸਹਿਤ ਦਫ਼ਤਰ ਜਿਲ੍ਹਾ ਪ੍ਰੀਸ਼ਦ ਮਾਨਸਾ ਵਿਖੇ ਦਸਤੀ/ਰਜਿਸਟਰਡ ਡਾਕ ਰਾਹੀ ਜਮਾਂ ਕਰਵਾਏ ਜਾ ਸਕਦੇ ਹਨ। ਇਸ ਤੋਂ ਬਾਅਦ ਪ੍ਰਾਪਤ ਹੋਇਆ ਕੋਈ ਵੀ ਬਿਨੈ ਪੱਤਰ ਸਵੀਕਾਰ ਨਹੀ ਕੀਤਾ ਜਾਵੇਗਾ। ਅਧੂਰੇ ਬਿਨੈ ਪੱਤਰ ਰੱਦ ਕਰ ਦਿੱਤੇ ਜਾਣਗੇ ।
7. ਬਾਕੀ ਸਰਤਾਂ ਇਕਰਾਰਨਾਮੇ ਦੁਆਰਾ ਨਿਰਧਾਰਤ ਕੀਤੀਆਂ ਜਾਣਗੀਆਂ ।
8. ਅਸਾਮੀਆਂ ਦੀ ਗਿਣਤੀ ਘਟਾਈ ਵਧਾਈ ਜਾ ਸਕਦੀ ਹੈ ।
9. ਇਹ ਅਸਾਮੀਆਂ ਸਬੰਧੀ ਅਗਲੇਰੀ ਜਾਣਕਾਰੀ/ਟੈਸਟ/ਇੰਟਰਵਿਊ ਆਦਿ ਇਸੇ ਹੀ ਸਾਈਟ ਤੇ ਉਪਲਬਧ ਕਰਾਈ ਜਾਵੇਗੀ। ਕੋਈ ਵੱਖਰੀ ਸੂਚਨਾਂ ਨਹੀ ਦਿੱਤੀ ਜਾਵੇਗੀ। ਇਸ ਲਈ ਵਾਰ-2 ਸਾਈਟ ਚੈਕ ਕਰਦੇ ਰਹੋ।

ਵਧੀਕ ਡਿਪਟੀ ਕਮਿਸ਼ਨਰ,
ਕਮ-ਵਧੀਕ ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ (ਮਗਨਰੇਗਾ),
ਮਾਨਸਾ।

Scanned with CamScanner